



ਸਾਹਿਤ ਸੰਮੇਲਨ ਦੌਰਾਨ ਸੰਬੋਧਨ ਕਰ ਰਹੇ ਰਾਸ਼ਟਰਪਤੀ ਸ੍ਰੀਮਤੀ ਦਰੋਪਦੀ ਮੁਰਮੂ। ਤਸਵੀਰ : ਮਿਸਰਦੀਪ ਭਾਟੀਆ

# ਸਾਹਿਤ ਅਕਾਦਮੀ ਨੇ ਰਾਸ਼ਟਰਪਤੀ ਭਵਨ 'ਚ ਸਾਹਿਤਕ ਮਿਲਣੀ ਕਰਵਾਈ

## ਰਾਸ਼ਟਰਪਤੀ ਸ੍ਰੀਮਤੀ ਦਰੋਪਦੀ ਮੁਰਮੂ ਦੁਆਰਾ ਕੀਤਾ ਗਿਆ ਉਦਘਾਟਨ

ਨਵੀਂ ਦਿੱਲੀ, 30 ਮਈ (ਮਿਸਰਦੀਪ ਭਾਟੀਆ)- ਸਾਹਿਤ ਅਕਾਦਮੀ ਅਤੇ ਰਾਸ਼ਟਰਪਤੀ ਭਵਨ ਸੱਭਿਆਚਾਰਕ ਕੇਂਦਰ ਦੇ ਸਾਂਝੇ ਪ੍ਰਬੰਧ ਹੇਠ 'ਕਿੰਨਾ ਬਦਲ ਚੁੱਕਾ ਹੈ ਸਾਹਿਤ' ਵਿਸ਼ੇ 'ਤੇ ਦੋ ਦਿਨਾ ਸਾਹਿਤ ਸੰਮੇਲਨ ਦਾ ਉਦਘਾਟਨ ਭਾਰਤ ਦੀ ਰਾਸ਼ਟਰਪਤੀ ਸ੍ਰੀਮਤੀ ਦਰੋਪਦੀ ਮੁਰਮੂ ਨੇ ਰਾਸ਼ਟਰਪਤੀ ਦੇ ਭਵਨ ਸੱਭਿਆਚਾਰਕ ਕੇਂਦਰ, ਨਵੀਂ ਦਿੱਲੀ ਵਿਖੇ ਕੀਤਾ। ਉਨ੍ਹਾਂ ਆਪਣੇ ਉਦਘਾਟਨੀ ਭਾਸ਼ਨ ਵਿਚ ਕਿਹਾ ਕਿ 140 ਕਰੋੜ ਦੇ ਦੇਸ਼ ਵਾਸੀਆਂ ਦੇ ਸਾਂਝੇ ਪਰਿਵਾਰ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਅਤੇ ਅਣਗਿਣਤ ਬੋਲੀਆਂ ਹਨ ਅਤੇ ਸਾਹਿਤਕ ਪਰੰਪਰਾਵਾਂ ਦੀ ਅਨੰਤ ਵਿਭਿੰਨਤਾ ਹੈ ਪਰ ਇਸ ਵਿਭਿੰਨਤਾ ਵਿਚ ਭਾਰਤੀਅਤਾ ਦੀ ਧੜਕਣ ਮਹਿਸੂਸ ਹੁੰਦੀ ਹੈ। ਭਾਰਤੀਅਤਾ ਦੀ ਇਹੀ ਭਾਵਨਾ ਸਾਡੇ ਦੇਸ਼ ਦੀ ਸਮੂਹਿਕ ਚੇਤਨਾ ਵਿਚ ਰਚੀ ਹੋਈ ਹੈ। ਮੈਂ ਮੰਨਦੀ ਹਾਂ ਕਿ ਸਾਰੀਆਂ ਭਾਸ਼ਾਵਾਂ ਵਿਚ ਲਿਖਿਆ ਸਾਹਿਤ ਮੇਰਾ ਹੀ ਸਾਹਿਤ ਹੈ। ਉਨ੍ਹਾਂ ਨੇ ਗੋਪਬੰਧੂ ਦਾਸ, ਰਾਬਿੰਦਰ ਨਾਥ ਠਾਕੁਰ, ਫਕੀਰ ਮੋਹਨ ਸੈਨਾਪਤੀ, ਗੰਗਾਧਰ ਮੇਹਰ, ਪ੍ਰਤਿਭਾ ਰਾਏ ਆਦਿ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਅੱਜ ਦਾ ਸਾਹਿਤ ਉਪਦੇਸ਼ਾਤਮਿਕ ਨਹੀਂ ਹੋ ਸਕਦਾ।

ਸਾਹਿਤ ਤੋਂ ਪ੍ਰੇਰਨਾ ਲੈ ਕੇ ਮਨੁੱਖ ਸੁਪਨੇ ਦੇਖਦਾ ਹੈ ਅਤੇ ਉਨ੍ਹਾਂ ਨੂੰ ਸਾਕਾਰ ਕਰਦਾ ਹੈ। ਉਨ੍ਹਾਂ ਅੱਗੇ ਕਿਹਾ ਜਿਵੇਂ-ਜਿਵੇਂ ਸਮਾਜ ਅਤੇ ਸਮਾਜਿਕ ਸੰਸਥਾਨ ਬਦਲੇ ਹਨ, ਚੁਣੌਤੀਆਂ ਅਤੇ ਤਰਜੀਹਾਂ ਵੀ ਬਦਲੀਆਂ ਹਨ। ਇਸੇ ਤਰ੍ਹਾਂ ਸਾਹਿਤ ਵਿਚ ਵੀ ਬਦਲਾਅ ਦੇਖੇ ਗਏ ਹਨ ਪਰ ਸਦੀਵੀ ਕਦਰਾਂ-ਕੀਮਤਾਂ ਦੀ ਸਥਾਪਨਾ ਕਾਲ-ਰਹਿਤ ਸਾਹਿਤ ਦੀ ਪਛਾਣ ਹੁੰਦੀ ਹੈ। ਇਸ ਮੌਕੇ 'ਤੇ ਭਾਰਤ ਸਰਕਾਰ ਦੇ ਸੱਭਿਆਚਾਰ ਬਾਰੇ ਮੰਤਰੀ ਗਜਿੰਦਰ ਸਿੰਘ ਸ਼ੇਖਾਵਤ ਜੋ ਇਸ ਮੌਕੇ ਵਿਸ਼ੇਸ਼ ਮਹਿਮਾਨ ਸਨ, ਨੇ ਕਿਹਾ ਕਿ ਸਾਹਿਤ ਸਮਾਜ ਦਾ, ਸਮਾਜ ਦੀਆਂ ਭਾਵਨਾਵਾਂ ਦਾ ਅਤੇ ਸਮਾਜ ਦੀਆਂ ਸਥਿਤੀਆਂ ਦਾ ਸ਼ੀਸ਼ਾ ਹੈ। ਇਹ ਸ਼ੀਸ਼ਾ ਹੋਣ ਦੇ ਨਾਲ-ਨਾਲ ਸਮਾਜ ਦੇ ਮਾਰਗਦਰਸ਼ਕ ਦਾ ਵੀ ਕੰਮ ਕਰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਾਡਾ ਦੇਸ਼ ਸੱਭਿਆਚਾਰਕ ਪੁਨਰਜਾਗਰਣ ਦੇ ਦੌਰ ਵਿਚੋਂ ਦੀ ਗੁਜ਼ਰ ਰਿਹਾ ਹੈ। ਅਜਿਹੀ ਸਥਿਤੀ ਵਿਚ ਸਾਹਿਤਕਾਰਾਂ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ।

ਪ੍ਰੋਗਰਾਮ ਦੀ ਸ਼ੁਰੂਆਤ ਵਿਚ ਸੱਭਿਆਚਾਰਕ ਮੰਤਰਾਲੇ ਦੀ ਵਿਸ਼ੇਸ਼ ਸਕੱਤਰ ਅਤੇ ਵਿੱਤੀ ਸਲਾਹਕਾਰ ਸ੍ਰੀਮਤੀ ਰੰਜਨਾ ਚੋਪੜਾ ਨੇ ਕਿਹਾ ਕਿ ਭਾਰਤ ਸਰਕਾਰ ਦੇ ਸੱਭਿਆਚਾਰਕ ਅਧੀਨ ਕੰਮ ਕਰਨ ਵਾਲੀਆਂ ਸੰਸਥਾਵਾਂ ਵਿਚੋਂ ਇਕ ਮੋਹਰੀ ਅਤੇ ਵਿਆਪਕ 'ਤੇ ਪ੍ਰਭਾਵਸ਼ਾਲੀ ਸੰਸਥਾ ਹੈ। ਪਿਛਲੇ ਕੁਝ ਸਾਲਾਂ ਵਿਚ ਸਾਹਿਤ ਅਕਾਦਮੀ ਨੇ ਕਈ ਮੀਲ ਪੱਥਰ ਸਥਾਪਤ ਕੀਤੇ ਅਤੇ ਆਪਣੀ ਸਰਗਰਮੀ ਰਾਹੀਂ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਇਹ ਕਾਨਫਰੰਸ ਅਕਾਦਮੀ ਦੀ ਵਿਲੱਖਣ ਸਰਗਰਮੀ ਦੀ ਇਕ ਮਹੱਤਵਪੂਰਨ ਉਦਾਹਰਨ ਵੀ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਹ ਸੰਮੇਲਨ ਸਾਹਿਤ ਵਿਚ ਤਬਦੀਲੀਆਂ ਪ੍ਰਤੀ ਸਾਡੇ ਦ੍ਰਿਸ਼ਟੀਕੋਣ ਨੂੰ ਹੋਰ ਵਿਸ਼ਾਲ ਕਰੇਗੀ। ਸਵਾਗਤੀ ਭਾਸ਼ਨ ਤੋਂ ਬਾਅਦ ਸਾਹਿਤ ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ ਨੇ ਰਾਸ਼ਟਰਪਤੀ ਸ੍ਰੀਮਤੀ ਦਰੋਪਦੀ ਮੁਰਮੂ ਦਾ ਅਤੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮੰਤਰੀ ਗਜਿੰਦਰ ਸਿੰਘ ਸ਼ੇਖਾਵਤ ਦਾ ਸਵਾਗਤ ਕੀਤਾ।

ਉਦਘਾਟਨ ਸੈਸ਼ਨ ਤੋਂ ਬਾਅਦ 'ਸੀਧਾ ਦਿਲ ਸੇ' : 'ਕਵੀ ਸੰਮੇਲਨ' ਦਾ ਆਯੋਜਨ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਪ੍ਰਸਿੱਧ ਉਰਦੂ ਕਵੀ ਸ੍ਰੀ ਸ਼ੀਨ ਕਾਫ਼ ਨਿਜ਼ਾਮ ਨੇ ਕੀਤੀ ਅਤੇ ਸਾਹਿਤ ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ ਇਸ ਸੈਸ਼ਨ ਵਿਚ ਵਿਸ਼ੇਸ਼ ਮਹਿਮਾਨ ਸਨ। ਕਵਿਤਾ ਸੁਣਾਉਣ ਵਾਲੇ ਕਵੀਆਂ ਵਿਚ ਰਣਜੀਤ ਦਾਸ (ਬੰਗਲਾ), ਸ੍ਰੀਮਤੀ ਮਮੰਗ ਦਈ (ਅੰਗਰੇਜ਼ੀ), ਦਿਲੀਪ ਝਾਵੇਰੀ (ਗੁਜਰਾਤੀ), ਅਰੁਣ ਕਮਲ (ਹਿੰਦੀ), ਮਹੇਸ਼ ਗਰਗ (ਹਿੰਦੀ), ਸ਼ਫੀ ਸ਼ੌਕ (ਕਸ਼ਮੀਰੀ), ਦਮਯੰਤੀ ਬੇਸ਼ਰਾ (ਸੰਤਾਲੀ) ਅਤੇ ਰਵੀ ਸੁਬਰਾਮਨੀਅਮ (ਤਮਿਲ) ਸ਼ਾਮਿਲ ਸਨ। ਅਕਾਦਮੀ ਦੇ ਸਕੱਤਰ ਡਾ. ਕੇ. ਸ੍ਰੀਨਿਵਾਸ ਰਾਓ ਨੇ ਸਾਰੇ ਕਵੀਆਂ ਦਾ ਸਵਾਗਤ ਕੀਤਾ। ਮੰਚ ਸੰਚਾਲਨ ਸ੍ਰੀਮਤੀ ਅਲਕਾ ਸਿਨਹਾ ਦੁਆਰਾ ਕੀਤਾ ਗਿਆ।